fraserhealth

# ਹੱਥਾਂ ਅਤੇ ਪੈਰਾਂ ਦੇ ਨਹੁੰਆਂ ਦੇ ਟ੍ਰੀਟਮੈਂਟ ਲਈ ਚੁੱਕੇ ਜਾਣ ਵਾਲੇ ਆਮ ਕਦਮ

**Health Protection**

**Standard Operating Procedures for Manicure & Pedicure Treatment**



## ਇਨਫੈਕਸ਼ਨ ਨੂੰ ਕੰਟਰੋਲ ਕਰਨ ਲਈ ਲੋੜਾਂ

| ਹਾਂ | ਨਹੀਂ | ਲਾਗੂ ਨਹੀਂ ਹੁੰਦਾ | |
|---|---|---|---|
| ☐ | ☐ | ☐ | ਹਰ ਕਲਾਇੰਟ/ਟ੍ਰੀਟਮੈਂਟ ਤੋਂ ਪਹਿਲਾਂ ਅਤੇ ਬਾਅਦ ਵਿਚ ਹੱਥ ਧੋਤੇ ਜਾਂਦੇ ਹਨ |
| ☐ | ☐ | ☐ | ਨਹੁੰਆਂ ਦੇ ਟ੍ਰੀਟਮੈਂਟ ਤੋਂ ਪਹਿਲਾਂ ਕਲਾਇੰਟ ਆਪਣੇ ਹੱਥ ਧੋਂਦੇ ਹਨ |
| ☐ | ☐ | ☐ | ਸਰਵਿਸ ਦੇਣ ਤੋਂ ਪਹਿਲਾਂ ਕਲਾਇੰਟਾਂ ਦੇ ਨਹੁੰ ਇਨਫੈਕਸ਼ਨ ਲਈ ਚੈੱਕ ਕੀਤੇ ਜਾਂਦੇ ਹਨ (ਉਨ੍ਹਾਂ ਕਲਾਇੰਟਾਂ ਨੂੰ ਨਹੁੰਆਂ ਦੀ ਸਰਵਿਸ ਨਹੀਂ ਦਿੱਤੀ ਜਾਂਦੀ ਜਿਨ੍ਹਾਂ ਵਿਚ ਨਹੁੰ ਦੀ ਇਨਫੈਕਸ਼ਨ ਦੀਆਂ ਨਿਸ਼ਾਨੀਆਂ ਹੁੰਦੀਆਂ ਹਨ) |
| ☐ | ☐ | ☐ | ਇਕ ਵਾਰੀ ਵਰਤੇ ਜਾਣ ਵਾਲੇ ਸੰਦ ਹਰ ਕਲਾਇੰਟ ਤੋਂ ਬਾਅਦ ਸੁੱਟ ਦਿੱਤੇ ਜਾਂਦੇ ਹਨ |
| ☐ | ☐ | ☐ | ਹਰ ਵਰਤੋਂ ਤੋਂ ਬਾਅਦ ਇੱਕੋ ਵਾਰੀ ਵਰਤੇ ਜਾਣ ਵਾਲੇ ਬਲੇਡਾਂ ਨੂੰ ਨਾ ਪੈਂਚਰ ਹੋਣ ਵਾਲੇ ਅਤੇ ਨਾ ਲੀਕ ਹੋਣ ਵਾਲੇ ਡੱਬੇ ਵਿਚ ਪਾਇਆ ਜਾਂਦਾ ਹੈ ਜਿਸ ਉੱਪਰ ਟਾਈਟ ਫਿਟਿੰਗ ਵਾਲਾ ਢੱਕਣ ਲੱਗਾ ਹੁੰਦਾ ਹੈ ਅਤੇ ਬਾਇਓਹੈਜ਼ਰਡ ਦਾ ਸਹੀ ਲੇਬਲ ਲੱਗਾ ਹੁੰਦਾ ਹੈ |
| ☐ | ☐ | ☐ | ਹਰ ਕਲਾਇੰਟ ਤੋਂ ਬਾਅਦ ਔਜ਼ਾਰਾਂ ਨੂੰ ਸਾਬਣ ਅਤੇ ਗਰਮ ਪਾਣੀ ਨਾਲ ਸਾਫ ਕੀਤਾ ਜਾਂਦਾ ਹੈ, ਧੋਤਾ ਜਾਂਦਾ ਹੈ ਅਤੇ ਦਰਮਿਆਨੇ ਜਾਂ ਉੱਚ ਪੱਧਰ ਦਾ ਰੋਗਾਣੂ-ਨਾਸ਼ਕ ਕੀਤਾ ਜਾਂਦਾ ਹੈ |
| ☐ | ☐ | ☐ | ਜਿਹੜੇ ਔਜ਼ਾਰ ਕਿਸੇ ਟ੍ਰੀਟਮੈਂਟ ਦੌਰਾਨ ਚਮੜੀ ਨੂੰ ਨੁਕਸਾਨ ਪਹੁੰਚਾਉਂਦੇ ਹਨ ਉਨ੍ਹਾਂ ਨੂੰ ਹਰ ਕਲਾਇੰਟ ਤੋਂ ਬਾਅਦ ਸਾਫ ਅਤੇ ਰੋਗਾਣੂ-ਨਾਸ਼ਕ ਕੀਤਾ ਜਾਂਦਾ ਹੈ |
| ☐ | ☐ | ☐ | ਦੁਬਾਰਾ ਵਰਤੇ ਜਾਣ ਵਾਲੇ ਟੂਲਾਂ ਨੂੰ ਵਰਤੋਂ ਵਿਚ ਨਾ ਹੋਣ ਵੇਲੇ ਇਕ ਸਾਫ, ਢਕੇ ਹੋਏ ਡੱਬੇ ਵਿਚ ਸਾਂਭਿਆ ਜਾਂਦਾ ਹੈ |
| ☐ | ☐ | ☐ | ਫੁੱਟਬਾਥ ਦੀ ਵਰਤੋਂ ਤੋਂ ਪਹਿਲਾਂ ਤੇਲ ਵਾਲੀਆਂ ਚੀਜ਼ਾਂ ਫੁੱਟਬਾਥ ਵਿਚ ਜਾਂ ਕਲਾਇੰਟ ਦੇ ਪੈਰਾਂ ਜਾਂ ਲੱਤਾਂ 'ਤੇ ਨਹੀਂ ਵਰਤੀਆਂ ਜਾਂਦੀਆਂ |
| ☐ | ☐ | ☐ | ਹਰ ਕਲਾਇੰਟ ਤੋਂ ਬਾਅਦ ਤੌਲੀਏ ਲਾਉਂਡਰੀ ਵਿਚ ਪਾਏ ਜਾਂਦੇ ਹਨ |

## ਫੁੱਟਬਾਥਾਂ ਨੂੰ ਸਾਫ ਅਤੇ ਰੋਗਾਣੂ-ਨਾਸ਼ਕ ਕਰਨਾ

| ਹਾਂ | ਨਹੀਂ | ਲਾਗੂ ਨਹੀਂ ਹੁੰਦਾ | **ਅੱਗੇ ਲਿਖੇ ਕਦਮ ਹਰ ਕਲਾਇੰਟ ਤੋਂ ਬਾਅਦ ਚੁੱਕੇ ਜਾਂਦੇ ਹਨ:** |
|---|---|---|---|
| ☐ | ☐ | ☐ | ਫੁੱਟਬਾਥ ਨੂੰ ਪੂਰੀ ਤਰ੍ਹਾਂ ਖਾਲੀ ਕੀਤਾ ਜਾਂਦਾ ਹੈ |
| ☐ | ☐ | ☐ | ਫੁੱਟਬਾਥ ਬੇਸਿਨ ਨੂੰ ਸਾਬਣ ਅਤੇ ਪਾਣੀ ਨਾਲ ਧੋਤਾ ਜਾਂਦਾ ਹੈ, ਮੈਲ ਲਾਹੁਣ ਲਈ ਬੁਰਸ਼ ਫੇਰਿਆ ਜਾਂਦਾ ਹੈ ਅਤੇ ਪਾਣੀ ਨਾਲ ਸਾਫ ਕੀਤਾ ਜਾਂਦਾ ਹੈ |
| ☐ | ☐ | ☐ | ਫੁੱਟਬਾਥ ਨੂੰ ਨਿੱਘੇ ਪਾਣੀ ਨਾਲ ਜੈੱਟਸ ਤੋਂ ਥੋੜ੍ਹਾ ਜਿਹਾ ਉੱਪਰ ਤੱਕ ਦੁਬਾਰਾ ਭਰਿਆ ਜਾਂਦਾ ਹੈ |
| ☐ | ☐ | ☐ | ਫੁੱਟਬਾਥ ਦੇ ਪਾਣੀ ਵਿਚ ਪ੍ਰਵਾਨਿਤ ਰੋਗਾਣੂ-ਨਾਸ਼ਕ ਪਾਇਆ ਜਾਂਦਾ ਹੈ (ਰੋਗਾਣੂ-ਨਾਸ਼ਕ ਘੋਲ ਤਿਆਰ ਕਰਨ ਲਈ ਬਣਾਉਣ ਵਾਲੀ ਕੰਪਨੀ ਦੀਆਂ ਹਿਦਾਇਤਾਂ ਦੀ ਪਾਲਣਾ ਕੀਤੀ ਜਾਂਦੀ ਹੈ) |
| ☐ | ☐ | ☐ | ਜੈੱਟਸ ਨੂੰ ਚਲਾਇਆ ਜਾਂਦਾ ਹੈ ਅਤੇ ਘੱਟੋ ਘੱਟ 10 ਮਿੰਟਾਂ ਲਈ ਫਲੱਸ਼ ਕੀਤਾ ਜਾਂਦਾ ਹੈ |
| ☐ | ☐ | ☐ | ਫੁੱਟਬਾਥ ਨੂੰ ਖਾਲੀ ਕੀਤਾ ਜਾਂਦਾ ਹੈ ਅਤੇ ਪੂੰਝ ਕੇ ਸੁਕਾਇਆ ਜਾਂਦਾ ਹੈ |
| ☐ | ☐ | ☐ | ਦਿਨ ਦੇ ਅੰਤ 'ਤੇ ਫੁੱਟਬਾਥ ਤੋਂ ਸਕਰੀਨ ਅਤੇ ਡਰੇਨ ਪਲੱਗ ਲਾਹੇ ਜਾਂਦੇ ਹਨ। ਚੀਜ਼ਾਂ ਨੂੰ ਸਾਬਣ ਅਤੇ ਬੁਰਸ਼ ਨਾਲ ਸਾਫ ਕੀਤਾ ਜਾਂਦਾ ਹੈ ਅਤੇ ਫਿਰ ਰੋਗਾਣੂ-ਨਾਸ਼ਕ ਵਿਚ ਡੋਬਿਆ ਜਾਂਦਾ ਹੈ। ਸਕਰੀਨ ਅਤੇ ਡਰੇਨ ਪਲੱਗ ਦੁਬਾਰਾ ਲਗਾਏ ਜਾਂਦੇ ਹਨ |

## ਸਫਾਈ ਅਤੇ ਦੇਖਭਾਲ

| ਹਾਂ | ਨਹੀਂ | ਲਾਗੂ ਨਹੀਂ ਹੁੰਦਾ | |
|---|---|---|---|
| ☐ | ☐ | ☐ | ਕੰਮ ਵਾਲੀ ਥਾਂ (ਥਾਂਵਾਂ) ਸਾਫ, ਘੜਮੱਸ ਤੋਂ ਬਿਨਾਂ ਅਤੇ ਚੰਗੀ ਰੌਸ਼ਨੀ ਵਾਲੀ ਹੈ |
| ☐ | ☐ | ☐ | ਕੰਮ ਦੇ ਸੰਪਰਕ ਵਿਚ ਆਉਣ ਵਾਲੀਆਂ ਥਾਂਵਾਂ ਨੂੰ ਹਰ ਕਲਾਇੰਟ ਤੋਂ ਬਾਅਦ ਡਿਸਇਨਫੈਕਟੈਂਟ ਦੇ ਹਲਕੇ ਪੱਧਰ ਨਾਲ ਸਾਫ ਅਤੇ ਰੋਗਾਣੂ ਨਸ਼ਟ ਕੀਤਾ ਜਾਂਦਾ ਹੈ (ਜਿਵੇਂ 1:500 ਹਲਕੀ ਬਲੀਚ ਨਾਲ ਪਾਣੀ ਦਾ ਘੋਲ) |
| ☐ | ☐ | ☐ | ਹਰ ਕਲਾਇੰਟ ਨੂੰ ਸਰਵਿਸ ਦੇਣ ਦੌਰਾਨ ਕੰਮ ਵਾਲੀਆਂ ਥਾਂਵਾਂ ਨੂੰ ਸਾਫ, ਇਕ ਵਾਰੀ ਵਰਤੀ ਜਾਣ ਵਾਲੀ ਕਵਰਿੰਗ (ਜਿਵੇਂ ਤੌਲੀਏ) ਨਾਲ ਢਕਿਆ ਜਾਂਦਾ ਹੈ |
| ☐ | ☐ | ☐ | ਕੈਮੀਕਲ ਬੋਤਲਾਂ ਅਤੇ ਹੋਰ ਸਪਲਾਈ 'ਤੇ ਲੇਬਲ ਲੱਗੇ ਹੋਏ ਹਨ |

## ਆਮ ਮੰਗਾਂ

| ਹਾਂ | ਨਹੀਂ | ਲਾਗੂ ਨਹੀਂ ਹੁੰਦਾ | |
|---|---|---|---|
| ☐ | ☐ | ☐ | ਸਾਰੀਆਂ ਚੀਜ਼ਾਂ ਨਰਮ, ਨਾ ਜਜ਼ਬ ਕਰਨ ਵਾਲੀ ਅਤੇ ਛੇਕ-ਰਹਿਤ ਸਾਮੱਗਰੀ ਤੋਂ ਬਣੀਆਂ ਹੋਈਆਂ ਹਨ |
| ☐ | ☐ | ☐ | ਹੱਥ ਧੋਣ ਲਈ ਸਿੰਕ ਕੰਮ ਵਾਲੀ ਥਾਂ ਦੇ ਨੇੜੇ ਹਨ |
| ☐ | ☐ | ☐ | ਹੱਥ ਧੋਣ ਵਾਲੇ ਸਿੰਕ ਨੂੰ ਗਰਮ ਅਤੇ ਠੰਢੇ ਪਾਣੀ ਦੀ ਚੱਲਦੀ ਸਪਲਾਈ ਹੈ, ਡਿਸਪੈਂਸਰ ਵਿਚ ਤਰਲ ਸਾਬਣ ਹੈ ਅਤੇ ਇਕ ਵਾਰੀ ਵਰਤਣ ਲਈ ਤੌਲੀਏ ਹਨ |
| ☐ | ☐ | ☐ | ਸਾਜ਼-ਸਾਮਾਨ/ਔਜ਼ਾਰਾਂ ਦੀ ਸਫਾਈ ਲਈ ਸਥਾਨ 'ਤੇ ਸਿੰਕ ਹੈ |

Print shop #257442 Revised January 9, 2013

| ਖਾਨਾ 1: ਵਰਤੇ ਗਏ ਰੋਗਾਣੂ-ਨਾਸ਼ਕਾਂ ਦੀ ਲਿਸਟ | | | |
|---|---|---|---|
| | ਹਲਕੇ ਪੱਧਰ ਦਾ ਰੋਗਾਣੂ-ਨਾਸ਼ਕ | ਦਰਮਿਆਨੇ ਪੱਧਰ ਦਾ ਰੋਗਾਣੂ-ਨਾਸ਼ਕ | ਉੱਚੇ ਪੱਧਰ ਦਾ ਰੋਗਾਣੂ-ਨਾਸ਼ਕ |
| **ਟਰੇਡ ਨਾਂ** | | | |
| **ਸਰਗਰਮ ਤੱਤ** | | | |
| **ਸੰਪਰਕ ਦਾ ਘੱਟੋ ਘੱਟ ਸਮਾਂ** | | | |

| | | | |
|---|---|---|---|
| **ਟਰੇਡ ਨਾਂ** | | | |
| **ਸਰਗਰਮ ਤੱਤ** | | | |
| **ਸੰਪਰਕ ਦਾ ਘੱਟੋ ਘੱਟ ਸਮਾਂ** | | | |

| ਖਾਨਾ 2: ਰੋਗਾਣੂ-ਨਾਸ਼ਕ ਪੱਧਰ ਅਤੇ ਆਮ ਵਰਤੇ ਜਾਂਦੇ ਟਰੇਡ ਨਾਂਵਾਂ ਦੀਆਂ ਉਦਾਹਰਣਾਂ | |
|---|---|
| ਰੋਗਾਣੂ-ਨਾਸ਼ਕ ਜਾਂ ਡਿਸਇਨਫੈਕਸ਼ਨ ਦਾ ਪੱਧਰ | ਟਰੇਡ ਨਾਂਵਾਂ ਦੀਆਂ ਉਦਾਹਰਣਾਂ |
| ਉੱਚੇ ਪੱਧਰ ਦਾ ਰੋਗਾਣੂ-ਨਾਸ਼ਕ | Cidex OPA, MetriCide,<br>Accel CS 20 7%, Rapicide PA , Steris 20, Steris Resert, HLD 5, Optim CS 20, Sporox,<br>6.15% Ultra Clorox Professional bleach (5000 ppm) |
| ਦਰਮਿਆਨੇ ਪੱਧਰ ਦਾ ਰੋਗਾਣੂ-ਨਾਸ਼ਕ | BioMERS, BioSURF, BM-6400,Instrubex-E, SEPTeFX, tbMinuteman, T36 Disinfex, AccelTB<br>5.25-6.15% household bleach (1000ppm) |
| ਹਲਕੇ ਪੱਧਰ ਦਾ ਰੋਗਾਣੂ-ਨਾਸ਼ਕ | Barbicide, Marvicide, Zepamine-A, Environ™ LpH™, Lysol chemicals,<br>Virox 5 concentrate, Carpe Diem, Supergermiphene, Quat based antiseptic towelettes, Virox 5, Accel Surface cleaner, Germicide-3 Disinfectant Cleaner, Cavicide, BioTEXT, Gamut Plus, 7D TEXT<br>5.25-6.15% household bleach (100ppm) |

Source: Guidelines for Personal Service Establishments – July 2012 Health Protection Branch, Ministry of Health

| ਖਾਨਾ 3: ਘਰੇਲੂ ਵਰਤੋਂ ਵਾਲੀ ਬਲੀਚ ਨੂੰ ਰੋਗਾਣੂ-ਨਾਸ਼ਕ ਦੇ ਤੌਰ 'ਤੇ ਤਿਆਰ ਕਰਨਾ | | |
|---|---|---|
| ਰੋਗਾਣੂ-ਨਾਸ਼ਕ ਦਾ ਲੋੜੀਂਦਾ ਪੱਧਰ | ਵਰਤੋਂ ਕਦੋਂ ਕਰਨੀ ਹੈ | *ਬਲੀਚ ਦਾ ਘੋਲ ਕਿਵੇਂ ਰਲਾਉਣਾ ਹੈ |
| **ਉੱਚਾ ਪੱਧਰ**<br>1:10 ਬਲੀਚ ਦਾ ਪਤਲਾਪਨ**<br>(1 ਹਿੱਸਾ ਬਲੀਚ: 9 ਹਿੱਸੇ ਪਾਣੀ)<br>≥ 5000 ਪੀ ਪੀ ਐੱਮ<br>**ਲੇਬਲ 'ਤੇ ਡੀ ਆਈ ਐੱਨ ਹੋਣਾ ਅਤੇ ਐੱਚ ਐੱਲ ਡੀ ਹੋਣਾ ਜ਼ਰੂਰੀ ਹੈ** | **ਸੈਮੀ-ਕ੍ਰਿਟੀਕਲ**<br>ਉਹ ਔਜ਼ਾਰ/ਸਾਜ਼-ਸਾਮਾਨ ਜਿਹੜਾ ਗੈਰ-ਅਛੋਹ ਚਮੜੀ ਜਾਂ ਲੇਸਦਾਰ ਝਿੱਲੀ ਦੇ ਸੰਪਰਕ ਵਿਚ ਆਉਂਦਾ ਹੈ ਪਰ ਆਮ ਤੌਰ 'ਤੇ ਇਸ ਵਿਚ ਚੁਭਦਾ ਨਹੀਂ<br>*ਨੋਟ: ਇਹ ਥਾਂਵਾਂ ਨੂੰ ਸਾਫ ਕਰਨ ਲਈ ਉਦੋਂ ਵੀ ਵਰਤੇ ਜਾਂਦੇ ਹਨ ਜਦੋਂ ਇਹ ਖੂਨ ਜਾਂ ਸਰੀਰਕ ਤਰਲਾਂ ਦੇ ਸੰਪਰਕ ਵਿਚ ਆਉਂਦੀਆਂ ਹਨ ਜਾਂ ਜਿੱਥੇ ਰੋਗਾਣੂ-ਨਾਸ਼ਕਤਾ ਸੰਭਵ ਨਹੀਂ ਹੁੰਦੀ।* | 100 ਐੱਮ ਐੱਲ ਬਲੀਚ 900 ਐੱਮ ਐੱਲ ਪਾਣੀ ਨਾਲ, ਇਕ ਲੀਟਰ ਘੋਲ ਬਣਾਉਂਦਾ ਹੈ<br>**ਜਾਂ**<br>1/2 ਕੱਪ ਬਲੀਚ 4 ਕੱਪ ਪਾਣੀ ਨਾਲ |
| **ਦਰਮਿਆਨਾ ਪੱਧਰ**<br>1:50 ਬਲੀਚ ਦਾ ਪਤਲਾਪਨ**<br>(1 ਹਿੱਸਾ ਬਲੀਚ: 49 ਹਿੱਸੇ ਪਾਣੀ)<br>≥ 1000 ਪੀ ਪੀ ਐੱਮ | **ਕੁਝ ਨੌਨ-ਕ੍ਰਿਟੀਕਲ**<br>ਜਿਹੜਾ ਔਜ਼ਾਰ/ਸਾਜ਼-ਸਾਮਾਨ ਆਮ ਵਰਤੋਂ ਦੌਰਾਨ ਸਿਰਫ ਅਛੋਹ ਚਮੜੀ ਦੇ ਸੰਪਰਕ ਵਿਚ ਹੀ ਆਉਂਦਾ ਹੈ, ਪਰ ਅਚਾਨਕ ਗੈਰ-ਅਛੋਹ ਚਮੜੀ ਦੇ ਸੰਪਰਕ ਵਿਚ ਆ ਸਕਦਾ ਹੈ ਜਾਂ ਖੂਨ ਜਾਂ ਸਰੀਰਕ ਤਰਲ ਨਾਲ ਗਿੱਲਾ ਹੋ ਸਕਦਾ ਹੈ | 20 ਐੱਮ ਐੱਲ ਬਲੀਚ 980 ਐੱਮ ਐੱਲ ਪਾਣੀ ਨਾਲ, ਇਕ ਲੀਟਰ ਘੋਲ ਬਣਾਉਂਦਾ ਹੈ<br>**ਜਾਂ**<br>4 ਛੋਟੇ ਚਮਚੇ ਬਲੀਚ 4 ਕੱਪ ਪਾਣੀ ਨਾਲ |
| **ਹਲਕਾ ਪੱਧਰ**<br>1:500 ਬਲੀਚ ਦਾ ਪਤਲਾਪਨ**<br>(1 ਹਿੱਸਾ ਬਲੀਚ: 499 ਹਿੱਸੇ ਪਾਣੀ)<br>≥ 100 ਪੀ ਪੀ ਐੱਮ | **ਨੌਨ-ਕ੍ਰਿਟੀਕਲ**<br>ਜਿਹੜਾ ਔਜ਼ਾਰ/ਸਾਜ਼-ਸਾਮਾਨ ਸਿੱਧੇ ਰੂਪ ਵਿਚ ਕਲਾਇੰਟ ਦੇ ਸੰਪਰਕ ਵਿਚ ਨਹੀਂ ਆਉਂਦਾ ਜਾਂ ਜਿਹੜਾ ਆਮ ਵਰਤੋਂ ਦੌਰਾਨ ਸਿਰਫ ਅਛੋਹ ਚਮੜੀ ਦੇ ਸੰਪਰਕ ਵਿਚ ਆਉਂਦਾ ਹੈ<br>*ਨੋਟ: ਇਹ ਚੀਜ਼ਾਂ ਖੂਨ ਜਾਂ ਸਰੀਰ ਦੇ ਤਰਲਾਂ ਦੇ ਸੰਪਰਕ ਵਿਚ ਨਹੀਂ ਆਉਂਦੀਆਂ। ਆਮ ਸਫਾਈ ਲਈ ਵਰਤੀਆਂ ਜਾ ਸਕਦੀਆਂ ਹਨ।* | 5 ਐੱਮ ਐੱਲ ਬਲੀਚ 2 ½ ਲੀਟਰ ਪਾਣੀ ਨਾਲ<br>**ਜਾਂ**<br>1 ਛੋਟਾ ਚਮਚਾ ਬਲੀਚ 10 ਕੱਪ ਪਾਣੀ ਨਾਲ |

Source: Guidelines for Personal Service Establishments – July 2012 Health Protection Branch, Ministry of Health

| ਖਾਨਾ 4: ਹੱਥਾਂ ਅਤੇ ਪੈਰਾਂ ਦੇ ਨਹੁੰਾਂ ਦੇ ਟ੍ਰੀਟਮੈਂਟ ਲਈ ਆਮ ਵਰਤੇ ਜਾਂਦੇ ਔਜ਼ਾਰਾਂ/ਸਾਜ਼-ਸਾਮਾਨ ਲਈ ਡਿਸਇਨਫੈਕਸ਼ਨ/ਰੋਗਾਣੂ-ਨਾਸ਼ਕਤਾ | | | | |
|---|---|---|---|---|
| *ਇਕ ਵਾਰੀ ਵਰਤੀਆਂ ਜਾਣ ਵਾਲੀਆਂ ਚੀਜ਼ਾਂ ਜੋ ਕਿ ਵਰਤਣ ਤੋਂ ਬਾਅਦ ਸੁੱਟ ਦਿੱਤੀਆਂ ਜਾਂਦੀਆਂ ਹਨ | ਨੌਨ-ਕ੍ਰਿਟੀਕਲ ਚੀਜ਼ (ਚੀਜ਼ਾਂ) ਲਈ ਹਲਕੇ ਪੱਧਰ ਦੀ ਰੋਗਾਣੂ-ਨਾਸ਼ਕਤਾ | ਨੌਨ-ਕ੍ਰਿਟੀਕਲ ਚੀਜ਼ (ਚੀਜ਼ਾਂ) ਲਈ ਦਰਮਿਆਨੇ ਪੱਧਰ ਦੀ ਰੋਗਾਣੂ-ਨਾਸ਼ਕਤਾ | ਸੈਮੀ-ਕ੍ਰਿਟੀਕਲ ਚੀਜ਼ (ਚੀਜ਼ਾਂ) ਲਈ ਉੱਚੇ ਪੱਧਰ ਦੀ ਰੋਗਾਣੂ-ਨਾਸ਼ਕਤਾ | ਕ੍ਰਿਟੀਕਲ ਚੀਜ਼ (ਚੀਜ਼ਾਂ) ਲਈ ਰੋਗਾਣੂ-ਨਾਸ਼ਕਤਾ |
| ਐਮਰੀ ਬੋਰਡ (ਪੇਪਰ ਜਾਂ ਫੋਮ); ਨੇਲ ਫਾਇਲਜ਼; ਫੋਮ ਸੈਂਡਲਜ਼; ਪੈਰਾਂ ਦੀਆਂ ਉਂਗਲਾਂ ਲਈ ਸੈਪਾਰੇਟਰ; ਪੈਡੀਕਿਊਰ ਬਲੇਡਜ਼; ਸਟਿਪਟਿਕ ਵਸਤ ਲਈ ਸੁੱਟਣਯੋਗ ਐਪਲੀਕੇਟਰ; ਪੈਰਾਫਿਨ ਵੈਕਸ; ਮਨੀਕਿਊਰ ਡਰਿੱਲ; ਸੈਂਡਿੰਗ ਬੈਂਡਜ਼; ਮਨੀਕਿਊਰ, ਪੈਡੀਕਿਊਰ ਬਰਜ਼; ਸੁੱਟਣਯੋਗ ਕਿਊਟੀਕਲ ਪੁਸ਼ਰਜ਼ | ਟ੍ਰੀਟਮੈਂਟ ਬੈੱਡਜ਼; ਕਲਾਇੰਟ ਕੁਰਸੀਆਂ; ਬੈਂਚ; ਕੰਮ ਟੇਬਲ; ਧੌਣ ਅਤੇ ਬਾਂਹ ਰੱਖਣ ਲਈ ਆਸਰੇ; ਟੇਬਲ ਟੌਪਸ ਅਤੇ ਕਾਊਂਟਰ; ਮਨੀਕਿਊਰ ਟਰੇਆਂ; ਮਨੀਕਿਊਰ ਯੂ ਵੀ-ਲਾਈਟ ਕੈਬਨਿਟਾਂ | ਮਨੀਕਿਊਰ/ਪੈਡੀਕਿਊਰ ਕਟੋਰੇ; ਪੈਡੀਕਿਊਰ ਫੁੱਟਬਾਥ (ਫਿਲਟਰ ਲਾਹੁਣਾ ਅਤੇ ਰੋਗਾਣੂ-ਨਾਸ਼ਕ ਕੀਤਾ ਜਾਣਾ ਜ਼ਰੂਰੀ ਹੈ ਅਤੇ ਇਸ ਦੇ ਨਾਲ ਨਾਲ ਰੀ-ਸਰਕੁਲੇਟਿੰਗ ਕਿਸਮਾਂ ਲਈ ਕਟੋਰਾ ਵੀ | ਨਹੁੰ ਕੱਟਣ ਵਾਲੇ ਕਲਿੱਪਰ/ਨਿਪਰਜ਼; ਨਹੁੰ ਹੇਠਲੀ ਚਮੜੀ ਲਈ ਕੈਂਚੀਆਂ; ਕਿਊਟੀਕਲ ਪੁਸ਼ਰਜ਼; ਡਰਿੱਲ ਬਿੱਟਾਂ; ਰਾਸਪ ਕਾਲਅੱਸ ਰਮੂਵਰ (ਬਿਨਾਂ ਛੇਕਾਂ ਵਾਲਾ) | |

Source: Guidelines for Personal Service Establishments – July 2012 Health Protection Branch, Ministry of Health

**ਹੋਰ ਨੋਟ:** ______________________________